ਅਮਿਤ ਸ਼ਾਹ ਨੇ ਰਾਹੁਲ ਗਾਂਧੀ ਨੂੰ ਈਵੀਐਮ 'ਤੇ ਬਹਿਸ ਦੀ ਚੁਣੌਤੀ ਦਿਤੀ

ਕਿਹਾ, ਸਰਕਾਰ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਲਈ ਤਿਆਰ

ਹੈਦਰਾਬਾਦ, 2 ਨਵੰਬਰ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 'ਵੋਟ ਚੋਰੀ' ਦੇ ਦੋਸ਼ਾਂ 'ਤੇ ਵਿਰੋਧੀ 'ਇੰਡੀਆ' ਗਠਜੋੜ 'ਤੇ ਤਿੱਖਾ ਹਮਲਾ ਕਰਦੇ ਹੋਏ ਸੋਮਵਾਰ ਨੂੰ ਕਿਹਾ ਕਿ ਸਰਕਾਰ ਇਸ ਮੁੱਦੇ 'ਤੇ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਲਈ ਤਿਆਰ ਹੈ। ਉਨ੍ਹਾਂ ਕਾਂਗਰਸ ਨੇਤਾ ਰਾਹੁਲ ਗਾਂਧੀ ਨੂੰ ਵੀ ਸਦਨ ਵਿਚ ਇਸ ਮਾਮਲੇ 'ਤੇ ਬਹਿਸ ਕਰਨ ਦੀ ਚੁਣੌਤੀ ਦਿਤੀ। ਦਿੱਲੀ ਦੇ ਰਾਮਲੀਲਾ ਮੈਦਾਨ ਵਿਚ 'ਇੰਡੀਆ' ਗਠਜੋੜ ਦੀ ਐਤਵਾਰ ਦੀ ਰੈਲੀ ਨੂੰ 'ਘੁਸਪੈਠੀਆਂ ਨੂੰ ਬਚਾਉਣ' ਲਈ ਰੈਲੀ ਦੱਸਦਿਆਂ, ਸ਼ਾਹ ਨੇ ਸਵਾਲ ਕੀਤਾ ਕਿ ਜੇਕਰ ਈਵੀਐਮ ਨੁਕਸਦਾਰ ਹੈ ਤਾਂ ਕਾਂਗਰਸ ਨੇ ਤੇਲੰਗਾਨਾ ਅਤੇ ਹੋਰ ਰਾਜਾਂ ਵਿਚ ਸਰਕਾਰਾਂ ਕਿਵੇਂ ਬਣਾਈਆਂ। ਉਨ੍ਹਾਂ ਇਹ ਵੀ ਕਿਹਾ ਕਿ ਰਾਹੁਲ ਗਾਂਧੀ ਸਿਰਫ਼ 'ਨਕਲੀ ਸੰਸਦ' ਵਿਚ ਪ੍ਰਧਾਨ ਮੰਤਰੀ ਬਣ ਸਕਦੇ ਹਨ। ਇੱਥੇ ਭਾਜਪਾ ਦੇ 'ਲੋਕਤੰਤਰ ਬਚਾਓ, ਅਰਾਜਕਤਾ ਹਟਾਓ' ਮਾਰਚ ਦੀ ਅਗਵਾਈ ਕਰਦੇ ਹੋਏ ਸ਼ਾਹ ਨੇ ਕਿਹਾ,



"ਰਾਹੁਲ ਹੱਥ ਵਿਚ ਸੰਵਿਧਾਨ ਨੂੰ ਤਾਂ ਫੜਦੇ ਹਨ, ਪਰ ਸੰਵਿਧਾਨ ਦਾ ਸਤਿਕਾਰ ਨਹੀਂ ਕਰਦੇ। ਰਾਹੁਲ ਜੀ, ਤੁਸੀਂ ਸੰਸਦ ਨੂੰ ਕੰਮ ਨਹੀਂ ਕਰਨ ਦਿੰਦੇ। ਭਾਵੇਂ ਇਹ ਈਵੀਐਮ ਮੁੱਦਾ ਹੋਵੇ, ਘੁਸਪੈਠੀਆਂ ਦਾ ਮੁੱਦਾ ਹੋਵੇ, ਜਾਂ ਕੁਝ ਹੋਰ, ਮੈਂ ਹੈਦਰਾਬਾਦ ਤੋਂ ਤੁਹਾਨੂੰ ਚੁਣੌਤੀ ਦਿੰਦਾ ਹਾਂ। ਅਸੀਂ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਲਈ ਤਿਆਰ ਹਾਂ। ਆਓ, ਇਸ 'ਤੇ ਚਰਚਾ ਕਰੀਏ।" ਉਨ੍ਹਾਂ ਕਿਹਾ, "ਅਸੀਂ ਹਰ ਘੁਸਪੈਠੀਏ ਨੂੰ ਵੋਟਰ ਸੂਚੀ ਵਿਚੋਂ ਹਟਾ ਦੇਵਾਂਗੇ।" ਸ਼ਾਹ ਨੇ ਕਿਹਾ ਕਿ ਜੇਕਰ ਸੰਸਦ ਸੈਸ਼ਨ ਬੁਲਾਇਆ ਜਾਂਦਾ ਹੈ, ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ "ਕਾਂਗਰਸ ਦੀ ਧੱਜੀਆਂ ਉਡਾ ਦੇਣਗੇ।" ਉਨ੍ਹਾਂ ਕਾਂਗਰਸ 'ਤੇ ਅਰਾਜਕਤਾ ਰਾਹੀਂ ਸੁਰਖੀਆਂ ਵਿਚ ਰਹਿਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ। (ਪੀਟੀਆਈ)

ਰਾਹੁਲ ਨਕਲੀ ਸੰਸਦ ਦੇ ਪ੍ਰਧਾਨ ਮੰਤਰੀ ਬਣ ਜਾਂਦੇ : ਅਮਿਤ ਸ਼ਾਹ

ਹੈਦਰਾਬਾਦ, 2 ਨਵੰਬਰ : ਅਮਿਤ ਸ਼ਾਹ ਨੇ ਸੋਮਵਾਰ ਨੂੰ ਹੈਦਰਾਬਾਦ ਵਿਚ 'ਲੋਕਤੰਤਰ ਬਚਾਓ, ਅਰਾਜਕਤਾ ਹਟਾਓ' ਮਾਰਚ ਵਿਚ ਹਿੱਸਾ ਲਿਆ। ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ ਦਿੱਲੀ ਵਿਚ ਨਕਲੀ ਸੰਸਦ ਸਥਾਪਤ ਕੀਤੀ। ਜੇਕਰ ਉਹ ਉਸ ਸੰਸਦ ਦੇ ਪ੍ਰਧਾਨ ਮੰਤਰੀ ਬਣ ਜਾਂਦੇ, ਤਾਂ ਸੋਨੀਆ ਗਾਂਧੀ ਜੀ ਨੂੰ ਸ਼ਾਂਤੀ ਮਿਲ ਜਾਂਦੀ ਕਿਉਂਕਿ ਉਹ ਕਦੇ ਵੀ ਅਸਲੀ ਸੰਸਦ ਦੇ ਪ੍ਰਧਾਨ ਮੰਤਰੀ ਨਹੀਂ ਬਣ ਸਕਦੇ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੋਮਵਾਰ ਨੂੰ ਕਾਂਗਰਸ 'ਤੇ ਦੋਸ਼ ਲਾਇਆ ਕਿ ਲਗਾਤਾਰ ਚੋਣ ਹਾਰਾਂ ਦਾ ਸਾਹਮਣਾ ਕਰਨ ਤੋਂ ਬਾਅਦ ਉਹ "ਅਰਾਜਕਤਾ" ਰਾਹੀਂ ਸੱਤਾ 'ਤੇ ਕਬਜ਼ਾ ਕਰਨ ਅਤੇ "ਲੋਕਤੰਤਰ ਨੂੰ ਕਮਜ਼ੋਰ" ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਵਿਦੇਸ਼ੀ ਮਦਦ ਨਾਲ ਮੋਦੀ ਪ੍ਰਧਾਨ ਮੰਤਰੀ ਬਣੇ : ਰਾਹੁਲ ਗਾਂਧੀ

ਕਿਹਾ, ਹਿੰਮਤ ਹੈ ਤਾਂ ਖੁੱਲ੍ਹੀ ਬਹਿਸ ਲਈ ਆਉ



ਨਵੀਂ ਦਿੱਲੀ, 2 ਨਵੰਬਰ : ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਵਿਰੋਧੀ ਧਿਰ 'ਤੇ ਦੇਸ਼ ਨੂੰ ਅਸਥਿਰ ਕਰਨ ਲਈ ਵਿਦੇਸ਼ੀ ਮਦਦ ਲੈਣ ਦਾ ਦੋਸ਼ ਲਗਾਉਣ ਨੂੰ ਲੈ ਕੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਮੁੱਦੇ 'ਤੇ ਖੁੱਲ੍ਹੀ ਬਹਿਸ ਲਈ ਚੁਣੌਤੀ ਦਿਤੀ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਨੇ ਮੋਦੀ 'ਤੇ 'ਵਿਦੇਸ਼ੀ ਮਦਦ' ਨਾਲ ਪ੍ਰਧਾਨ ਮੰਤਰੀ ਦਾ ਅਹੁਦਾ ਹਾਸਲ ਕਰਨ ਦਾ ਵੀ ਦੋਸ਼ ਲਗਾਇਆ। ਐਕਸ 'ਤੇ ਰਾਹੁਲ ਨੇ ਕਿਹਾ, "ਮੋਦੀ ਜੀ, ਦੇਸ਼ ਨਾਲ ਝੂਠ ਬੋਲਣਾ ਬੰਦ ਕਰੋ। ਤੁਸੀਂ ਵਿਦੇਸ਼ੀ ਮਦਦ ਨਾਲ ਪ੍ਰਧਾਨ ਮੰਤਰੀ ਬਣੇ ਅਤੇ

ਕੇਰਲ ਮਰਸਡੀਜ਼ ਕੇਸ : ਮੁਲਜ਼ਮ ਨਾਬਾਲ.ਗ ਦੇ ਜੱਜ ਪਿਤਾ ਵਿਰੁਧ ਨਵੀਂ ਐਫ਼ਆਈਆਰ

ਕੋਚੀ, 2 ਨਵੰਬਰ (ਅਮਨ ਮੋਹਨ): ਕੇਰਲ ਦੇ ਕੋਚੀ ਵਿਚ ਵਾਪਰੇ ਭਿਆਨਕ ਮਰਸਡੀਜ਼ ਕਾਰ ਹਾਦਸੇ ਵਿਚ ਇਕ ਨਵਾਂ ਮੋੜ ਆ ਗਿਆ ਹੈ। ਮੋਟਰ ਐਕਸੀਡੈਂਟ ਕਲੇਮ ਟ੍ਰਿਬਿਊਨਲ ਦੇ ਐਡੀਸ਼ਨਲ ਜ਼ਿਲ੍ਹਾ ਜੱਜ ਰੇਨੋ ਫਰਾਂਸਿਸ ਜ਼ੇਵੀਅਰ ਵਿਰੁਧ ਪੁਲਿਸ ਨੇ ਸਬੂਤ ਨਸ਼ਟ ਕਰਨ ਅਤੇ ਕੇਸ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਦੇ ਦੋਸ਼ ਹੇਠ ਤਾਜ਼ਾ ਅਪਰਾਧਕ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਇਹ ਕਾਰਵਾਈ ਜੱਜ ਦੇ 17 ਸਾਲਾ ਨਾਬਾਲਗ ਪੁੱਤਰ ਵਲੋਂ ਇਕ ਦੋ-ਪਹੀਆ ਵਾਹਨ ਨੂੰ ਟੱਕਰ ਮਾਰਨ ਦੀ ਘਟਨਾ ਤੋਂ ਬਾਅਦ ਸਾਹਮਣੇ ਆਏ ਨਵੇਂ ਤੱਥਾਂ ਦੇ ਆਧਾਰ 'ਤੇ ਕੀਤੀ ਗਈ ਹੈ, ਜਿਸ ਵਿਚ ਸਕੂਟਰ ਸਵਾਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ। ਪੁਲਿਸ ਦੀ ਜਾਂਚ ਟੀਮ ਅਨੁਸਾਰ, ਹਾਦਸੇ ਤੋਂ ਤੁਰਤ ਬਾਅਦ ਮੁਲਜ਼ਮ ਨਾਬਾਲਗ ਦੇ ਸੋਸ਼ਲ ਮੀਡੀਆ (ਇੰਸਟਾਗ੍ਰਾਮ) ਅਕਾਊਂਟ ਤੋਂ ਤੇਜ਼ ਰਫ਼ਤਾਰ ਗੱਡੀ ਚਲਾਉਣ ਨਾਲ ਸਬੰਧਤ ਸਾਰੀਆਂ ਵੀਡੀਉਜ਼ ਅਤੇ



'ਰੀਲਾਂ' ਨੂੰ ਡਿਲੀਟ ਕਰ ਦਿਤਾ ਗਿਆ ਅਤੇ ਅਕਾਊਂਟ ਨੂੰ ਪ੍ਰਾਈਵੇਟ ਕਰ ਦਿਤਾ ਗਿਆ। ਪੁਲਿਸ ਦਾ ਦਾਅਵਾ ਹੈ ਕਿ ਇਹ ਸਭ ਡਿਜੀਟਲ ਸਬੂਤਾਂ ਨੂੰ ਖ਼ਤਮ ਕਰਨ ਦੀ ਸਾਜ਼ਿਸ਼ ਤਹਿਤ ਕੀਤਾ ਗਿਆ ਸੀ। ਇਸ ਤੋਂ ਇਲਾਵਾ, ਹਾਦਸਾਗ੍ਰਸਤ ਗੱਡੀ ਤੋਂ ਜੱਜ ਦੇ ਅਧਿਕਾਰਤ ਅਹੁਦੇ ਵਾਲਾ ਸਰਕਾਰੀ ਬੋਰਡ ਵੀ ਹਟਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਇਨ੍ਹਾਂ ਤੱਥਾਂ ਦੇ ਆਧਾਰ 'ਤੇ ਪੁਲਿਸ ਨੇ ਜੱਜ ਖ਼ਿਲਾਫ਼ ਭਾਰਤੀ ਨਿਆਏ ਸੰਹਿਤਾ ਦੀ ਧਾਰਾ 238 ਦੇ ਤਹਿਤ ਨਵੀਂ ਐਫ.ਆਈ.ਆਰ. ਦਰਜ ਕੀਤੀ ਹੈ। ਦਸਣਯੋਗ ਹੈ ਕਿ ਲੰਘੀ 25 ਅਕਤੂਬਰ ਦੀ ਤੜਕੇ ਲਗਭਗ 2:30 ਵਜੇ ਚੇਰਾਕੂਲਮ ਨੇੜੇ ਲਗਜ਼ਰੀ ਮਰਸਡੀਜ਼-ਬੈਂਜ਼ ਕਾਰ ਨੇ, ਜਿਸ ਨੂੰ ਜੱਜ ਦਾ ਨਾਬਾਲਗ ਪੁੱਤਰ ਬਿਨਾਂ ਲਾਇਸੰਸ ਤੋਂ ਲਗਭਗ 100 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚਲਾ ਰਿਹਾ ਸੀ, ਅੱਗੇ ਜਾ ਰਹੇ ਸਕੂਟਰ ਨੂੰ ਜ਼ੋਰਦਾਰ ਟੱਕਰ ਮਾਰ ਦਿਤੀ ਸੀ। ਹਾਦਸੇ ਵਿਚ ਚਿੱਟੂਰ ਦੇ ਰਹਿਣ ਵਾਲੇ 55 ਸਾਲਾ ਸਟਰੀਟ ਫੂਡ ਵਿਕਰੇਤਾ ਜੈਬਾਲਾ ਕ੍ਰਿਸ਼ਨਨ ਦੀ ਮੌਤ ਹੋ ਗਈ ਸੀ।

ਇਕ ਨਜ਼ਰ...

ਸਿੱਖ ਕਤਲੇਆਮ ਵਿਰੁਧ ਭਾਜਪਾ ਤੇ ਪੀੜਤ ਪ੍ਰਵਾਰਾਂ ਨੇ ਕਾਂਗਰਸ ਵਿਰੁਧ ਰੋਸ ਮਾਰਚ ਕੱਢਿਆ

ਨਵੀਂ ਦਿੱਲੀ, 2 ਨਵੰਬਰ : ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਆਗੂਆਂ, ਸਿੱਖ ਭਾਈਚਾਰੇ ਦੇ ਮੈਂਬਰਾਂ ਅਤੇ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੇ ਪਰਵਾਰਾਂ ਨੇ ਸੋਮਵਾਰ ਨੂੰ ਗੁਰਦੁਆਰਾ ਬੰਗਲਾ ਸਾਹਿਬ ਤੋਂ ਗੁਰਦੁਆਰਾ ਰਕਾਬ ਗੰਜ ਸਾਹਿਬ ਤੱਕ ਰੋਸ ਮਾਰਚ ਕੱਢਿਆ ਅਤੇ ਦੋਸ਼ ਲਗਾਇਆ ਕਿ ਕਾਂਗਰਸ ਨੇ 1 ਨਵੰਬਰ ਨੂੰ ਰੈਲੀ ਕਰ ਕੇ ਪੁਰਾਣੇ ਜ਼ਖ਼ਮਾਂ ਨੂੰ ਤਾਜ਼ਾ ਕਰ ਦਿਤਾ ਹੈ। ਇਹ ਮਾਰਚ ਭਾਜਪਾ ਦੀ 'ਲੋਕਤੰਤਰ ਬਚਾਉ, ਅਰਾਜਕਤਾ ਹਟਾਉ' ਮੁਹਿੰਮ ਤਹਿਤ ਆਯੋਜਤ ਕੀਤਾ ਗਿਆ ਸੀ। ਪ੍ਰਦਰਸ਼ਨਕਾਰੀਆਂ ਨੇ ਬੈਨਰ ਫੜੇ ਹੋਏ ਸਨ ਜਿਨ੍ਹਾਂ 'ਤੇ ਲਿਖਿਆ ਸੀ "ਦੇਸ਼ ਕਾਂਗਰਸ ਪਾਰਟੀ ਵਲੋਂ ਸਿੱਖਾਂ ਦੇ ਕਤਲੇਆਮ ਨੂੰ ਕਦੇ ਨਹੀਂ ਭੁੱਲੇਗਾ" ਅਤੇ ਪਾਰਟੀ ਵਿਰੁਧ ਨਾਹਰੇਬਾਜ਼ੀ ਕੀਤੀ। ਭਾਜਪਾ ਸੰਸਦ ਮੈਂਬਰ ਬਾਂਸੁਰੀ ਸਵਰਾਜ ਅਤੇ ਕਮਲਜੀਤ ਸਹਿਰਾਵਤ ਨੇ ਪਾਰਟੀ ਦੇ ਹੋਰ ਆਗੂਆਂ ਅਤੇ ਵਰਕਰਾਂ ਦੇ ਨਾਲ-ਨਾਲ ਮਾਰਚ ਵਿਚ ਹਿੱਸਾ ਲਿਆ। ਪੱਤਰਕਾਰਾਂ ਨਾਲ ਗੱਲ ਕਰਦਿਆਂ ਸਹਿਰਾਵਤ ਨੇ ਦੋਸ਼ ਲਗਾਇਆ ਕਿ ਕਾਂਗਰਸ ਪਾਰਟੀ 1984 ਦੇ ਦੰਗਿਆਂ ਦੌਰਾਨ ਸਿੱਖਾਂ ਵਲੋਂ ਝੱਲੇ ਗਏ ਦੁੱਖ ਨੂੰ ਸਵੀਕਾਰ ਕਰਨ ਵਿਚ ਅਸਫ਼ਲ ਰਹੀ ਹੈ। ਉਨ੍ਹਾਂ ਕਿਹਾ ਕਿ 1 ਨਵੰਬਰ ਨੂੰ ਕੀਤੀ ਗਈ ਉਨ੍ਹਾਂ ਦੀ ਰੈਲੀ ਨੇ ਪੀੜਤਾਂ ਦੇ ਪਰਵਾਰਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਸਹਿਰਾਵਤ ਨੇ ਕਿਹਾ, "ਪੀੜਤਾਂ ਨੂੰ ਸ਼ਰਧਾਂਜਲੀ ਦੇਣ ਅਤੇ ਉਨ੍ਹਾਂ ਦੇ ਜ਼ਖ਼ਮਾਂ ਨੂੰ ਭਰਨ ਦੀ ਬਜਾਏ, ਉਨ੍ਹਾਂ ਨੇ 1 ਨਵੰਬਰ ਨੂੰ ਰੈਲੀ ਕਰ ਕੇ ਉਨ੍ਹਾਂ ਜ਼ਖ਼ਮਾਂ ਨੂੰ ਦੁਬਾਰਾ ਤਾਜ਼ਾ ਕਰ ਦਿਤਾ ਹੈ।" (ਪੀਟੀਆਈ)

ਭਾਜਪਾ ਨੇਤਾ ਦੇ ਇਤਰਾਜ਼ ਤੋਂ ਬਾਅਦ ਦੀਆ ਮਿਰਜ਼ਾ ਦਾ ਵੀਡੀਉ ਦੀਵਾਲੀ ਮੁਹਿੰਮ ਤੋਂ ਹਟਾਇਆ

ਮੁੰਬਈ, 2 ਨਵੰਬਰ : ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਮੁੰਬਈ ਇਕਾਈ ਦੇ ਪ੍ਰਧਾਨ ਅਮਿਤ ਸਾਤਮ ਦੇ ਇਤਰਾਜ਼ ਤੋਂ ਬਾਅਦ ਬ੍ਰਿਹਨਮੁੰਬਈ ਨਗਰ ਨਿਗਮ (ਬੀਐਮਸੀ) ਨੇ ਸੋਸ਼ਲ ਮੀਡੀਆ 'ਤੇ ਚਲਾਈ ਜਾ ਰਹੀ ਪ੍ਰਦੂਸ਼ਣ ਮੁਕਤ ਦੀਵਾਲੀ ਮੁਹਿੰਮ ਤੋਂ ਅਦਾਕਾਰਾ ਦੀਆ ਮਿਰਜ਼ਾ ਦਾ ਵੀਡੀਉ ਹਟਾ ਦਿਤਾ ਹੈ। ਇਹ ਕਦਮ ਸਾਤਮ ਦੁਆਰਾ ਮਿਰਜ਼ਾ ਨੂੰ ਮੁਹਿੰਮ ਵਿਚ ਸ਼ਾਮਲ ਕਰਨ 'ਤੇ ਇਤਰਾਜ਼ ਕਰਨ ਤੋਂ ਬਾਅਦ ਆਇਆ, ਜਿਸ ਨਾਲ ਵਿਵਾਦ ਪੈਦਾ ਹੋ ਗਿਆ ਹੈ। ਮੁੰਬਈ ਵਿਚ ਵਧਦੇ ਹਵਾ ਪ੍ਰਦੂਸ਼ਣ ਦੇ ਵਿਚਕਾਰ ਬੰਬੇ ਹਾਈ ਕੋਰਟ ਦੇ ਨਿਰਦੇਸ਼ਾਂ ਤੋਂ ਬਾਅਦ, ਬੀਐਮਸੀ ਨੇ ਨਾਗਰਿਕਾਂ ਨੂੰ ਪਟਾਕੇ ਚਲਾਉਣ ਤੋਂ ਬਚਣ ਅਤੇ ਵਾਤਾਵਰਣ ਅਨੁਕੂਲ ਦੀਵਾਲੀ ਮਨਾਉਣ ਦੀ ਅਪੀਲ ਕੀਤੀ ਸੀ। ਬੀਐਮਸੀ ਨੇ ਇਸ ਮੁਹਿੰਮ ਵਿਚ ਦੀਆ ਮਿਰਜ਼ਾ ਸਮੇਤ ਕਈ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸ਼ਾਮਲ ਕੀਤਾ ਸੀ। ਮਿਰਜ਼ਾ ਦੇ ਵੀਡੀਉ ਨੇ ਲੋਕਾਂ ਨੂੰ ਸ਼ੋਰ ਅਤੇ ਹਵਾ ਪ੍ਰਦੂਸ਼ਣ ਤੋਂ ਬਚਣ ਦੀ ਅਪੀਲ ਕੀਤੀ। ਵੀਡੀਉ ਨੂੰ ਐਤਵਾਰ ਨੂੰ ਹਟਾ ਦਿਤਾ ਗਿਆ ਸੀ, ਜਦੋਂ ਕਿ ਅਭਿਨੇਤਰੀਆਂ ਮਾਧੁਰੀ ਦੀਕਸ਼ਿਤ ਅਤੇ ਨਿਸ਼ੀਗੰਧਾ ਵਾਡ ਅਤੇ ਕ੍ਰਿਕਟਰ ਅਜਿੰਕਿਆ ਰਹਾਣੇ ਵਾਲੇ ਮੁਹਿੰਮ ਵੀਡੀਉ ਬੀਐਮਸੀ ਦੇ 'ਐਕਸ' ਅਤੇ ਇੰਸਟਾਗ੍ਰਾਮ ਪੰਨਿਆਂ 'ਤੇ ਬਣੇ ਹੋਏ ਹਨ। (ਪੀਟੀਆਈ)

ਖੁਦਾਈ ਦੌਰਾਨ ਪੀਐਨਜੀ ਪਾਈਪਲਾਈਨ ਲੀਕ ਹੋਣ ਕਾਰਨ ਵੱਡਾ ਧਮਾਕਾ, ਇਕ ਦੀ ਮੌਤ

ਮੁਜ਼ੱਫਰਪੁਰ, 2 ਨਵੰਬਰ : ਬਿਹਾਰ ਦੇ ਮੁਜ਼ੱਫਰਪੁਰ ਜ਼ਿਲ੍ਹੇ ਦੇ ਗੋਬਰਸਾਹੀ-ਡੁਮਰੀ ਖੇਤਰ ਵਿਚ ਸੋਮਵਾਰ ਨੂੰ ਪਾਈਪਡ ਨੈਚੁਰਲ ਗੈਸ (ਪੀਐਨਜੀ) ਪਾਈਪਲਾਈਨ ਤੋਂ ਗੈਸ ਲੀਕ ਹੋਣ ਤੋਂ ਬਾਅਦ ਹੋਏ ਵੱਡੇ ਧਮਾਕੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਛੇ ਤੋਂ ਵੱਧ ਹੋਰ ਗੰਭੀਰ ਜ਼ਖ਼ਮੀ ਹੋ ਗਏ। ਚਸ਼ਮਦੀਦਾਂ ਅਨੁਸਾਰ, ਸੋਮਵਾਰ ਦੁਪਹਿਰ 1 ਵਜੇ ਦੇ ਕਰੀਬ ਸਦਰ ਥਾਣਾ ਖੇਤਰ ਦੇ ਗੋਬਰਸਾਹੀ-ਡੁਮਰੀ ਖੇਤਰ ਵਿਚ ਪਾਈਪਲਾਈਨ ਦੇ ਨੇੜੇ ਇਕ ਜੇਸੀਬੀ ਮਸ਼ੀਨ ਕੰਮ ਕਰ ਰਹੀ ਸੀ ਇਸੇ ਦੌਰਾਨ ਪਾਈਪਲਾਈਨ ਨੂੰ ਨੁਕਸਾਨ ਪਹੁੰਚਿਆ ਅਤੇ ਗੈਸ ਲੀਕ ਹੋਣ ਲੱਗੀ, ਜਿਸ ਤੋਂ ਬਾਅਦ ਵੱਡਾ ਧਮਾਕਾ ਹੋਇਆ। ਮੁਜ਼ੱਫਰਪੁਰ ਦੇ ਜ਼ਿਲ੍ਹਾ ਮੈਜਿਸਟਰੇਟ ਕੁਮਾਰ ਗੌਰਵ ਨੇ ਦਸਿਆ, "ਪੀਐਨਜੀ ਪਾਈਪਲਾਈਨ ਤੋਂ ਗੈਸ ਲੀਕ ਹੋਣ ਕਾਰਨ ਹੋਏ ਧਮਾਕੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਛੇ ਹੋਰ ਜ਼ਖਮੀ ਹੋ ਗਏ। ਸਾਰੇ ਜ਼ਖ਼ਮੀਆਂ ਨੂੰ ਨਜ਼ਦੀਕੀ ਸਰਕਾਰੀ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। (ਪੀਟੀਆਈ)

ਵਕੀਲਾਂ ਨਾਲ ਝਗੜੇ ਨੂੰ ਲੈ ਕੇ ਦਿੱਲੀ ਪੁਲਿਸ ਹੈੱਡਕੁਆਰਟਰ ਦੇ ਬਾਹਰ ਪੁਲਿਸ ਮੁਲਾਜ਼ਮਾਂ ਦਾ ਵਿਰੋਧ ਪ੍ਰਦਰਸ਼ਨ

ਨਵੀਂ ਦਿੱਲੀ, 2 ਨਵੰਬਰ : ਦਿੱਲੀ ਦੇ ਸ਼ਾਹਦਰਾ ਪੁਲਿਸ ਸਟੇਸ਼ਨ ਵਿਚ ਪੁਲਿਸ ਅਤੇ ਵਕੀਲਾਂ ਵਿਚਕਾਰ ਹੋਈ ਝੜਪ ਤੋਂ ਬਾਅਦ ਦੋ ਅਧਿਕਾਰੀਆਂ ਦੇ ਤਬਾਦਲੇ ਦੇ ਵਿਰੋਧ ਵਿਚ ਸੋਮਵਾਰ ਸਵੇਰੇ ਦਿੱਲੀ ਪੁਲਿਸ ਹੈੱਡਕੁਆਰਟਰ ਦੇ ਬਾਹਰ ਲਗਭਗ 100 ਪੁਲਿਸ ਮੁਲਾਜ਼ਮ ਇਕੱਠੇ ਹੋਏ ਅਤੇ ਵਿਰੋਧ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀ ਅਧਿਕਾਰੀਆਂ ਨੇ ਮੰਗ ਕੀਤੀ ਕਿ ਸਹਾਇਕ ਪੁਲਿਸ ਕਮਿਸ਼ਨਰ (ਏਸੀਪੀ) ਮਨਸਵੀ ਵਸ਼ਿਸ਼ਟ ਅਤੇ ਸਾਬਕਾ ਸ਼ਾਹਦਰਾ ਸਟੇਸ਼ਨ ਹਾਊਸ ਅਫ਼ਸਰ (ਐਸਐਚਓ) ਅਰੁਣ ਕੁਮਾਰ ਨੂੰ ਉਨ੍ਹਾਂ ਦੀਆਂ ਪਿਛਲੀਆਂ ਪੋਸਟਾਂ 'ਤੇ ਬਹਾਲ ਕੀਤਾ ਜਾਵੇ। ਵਿਵਾਦ ਪੁਲਿਸ ਸਟੇਸ਼ਨ ਵਿਚ ਪੁਲਿਸ ਅਤੇ ਵਕੀਲਾਂ ਵਿਚਕਾਰ ਝੜਪ ਨਾਲ ਸ਼ੁਰੂ ਹੋਇਆ, ਜਿਸ ਵਿਚ ਇਕ ਵਕੀਲ ਜ਼ਖ਼ਮੀ ਹੋ ਗਿਆ। ਵਕੀਲਾਂ ਵਲੋਂ ਅਣਮਿੱਥੇ ਸਮੇਂ ਲਈ ਹੜਤਾਲ ਕਰਨ ਤੋਂ ਬਾਅਦ, ਏਸੀਪੀ ਅਤੇ ਇੰਸਪੈਕਟਰ ਦਾ ਤਬਾਦਲਾ ਕਰ ਦਿਤਾ ਗਿਆ ਸੀ। ਪੁਲਿਸ ਅਧਿਕਾਰੀਆਂ ਵਲੋਂ ਵਿਰੋਧ ਪ੍ਰਦਰਸ਼ਨ ਦੇ ਸੱਦੇ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਏਸੀਪੀ ਵਸ਼ਿਸ਼ਟ ਨੇ ਪੱਤਰਕਾਰਾਂ ਨੂੰ ਦਸਿਆ ਕਿ ਵਿਰੋਧ ਪ੍ਰਦਰਸ਼ਨ ਕੁਦਰਤੀ ਸੱਦਾ ਸੀ ਅਤੇ ਉਹ ਵੀ ਇਸ ਵਿਚ ਸ਼ਾਮਲ ਹੋ ਰਹੇ ਹਨ। ਪ੍ਰਦਰਸ਼ਨਕਾਰੀ ਮੁਲਾਜ਼ਮਾਂ ਨੇ ਵਕੀਲਾਂ 'ਤੇ ਦੁਰਵਿਹਾਰ ਅਤੇ ਧਮਕੀਆਂ ਦਾ ਦੋਸ਼ ਲਗਾਇਆ।

ਸੋਨੀਆ ਗਾਂਧੀ ਨੇ ਲਾਲੂ ਯਾਦਵ ਨਾਲ ਕੀਤੀ ਮੁਲਾਕਾਤ



ਨਵੀਂ ਦਿੱਲੀ, 2 ਨਵੰਬਰ : ਕਾਂਗਰਸ ਸੰਸਦੀ ਦਲ ਦੀ ਚੇਅਰਪਰਸਨ ਸੋਨੀਆ ਗਾਂਧੀ ਨੇ ਸੋਮਵਾਰ ਨੂੰ ਰਾਸ਼ਟਰੀ ਜਨਤਾ ਦਲ (ਆਰਜੇਡੀ) ਦੇ ਮੁਖੀ ਲਾਲੂ ਪ੍ਰਸਾਦ ਯਾਦਵ ਨਾਲ ਮੁਲਾਕਾਤ ਕੀਤੀ ਅਤੇ ਦੋਵਾਂ ਆਗੂਆਂ ਨੇ ਪਿਛਲੀ ਸੰਯੁਕਤ ਪ੍ਰਗਤੀਸ਼ੀਲ ਗਠਜੋੜ (ਯੂਪੀਏ) ਸਰਕਾਰ ਦੇ ਕਾਰਜਕਾਲ ਨੂੰ ਯਾਦ ਕੀਤਾ। ਦੋਵਾਂ ਆਗੂਆਂ ਨੇ ਯੂਪੀਏ ਸਰਕਾਰ ਦੇ ਕਾਰਜਕਾਲ ਦੇ ਨਾਲ ਹੀ ਮਨਰੇਗਾ, ਸਿੱਖਿਆ ਦਾ ਅਧਿਕਾਰ (ਆਰਟੀਈ) ਅਤੇ ਸੂਚਨਾ ਦਾ ਅਧਿਕਾਰ (ਆਰਟੀਆਈ) ਵਰਗੇ ਕਾਨੂੰਨਾਂ ਨੂੰ ਲਾਗੂ ਕਰਨ ਨੂੰ ਵੀ ਯਾਦ ਵੀ ਕੀਤਾ। ਯਾਦਵ ਨੇ ਐਕਸ 'ਤੇ ਪੋਸਟ ਵਿਚ ਕਿਹਾ, "ਸੋਨੀਆ ਗਾਂਧੀ ਮੇਰੇ ਨਿਵਾਸ ਸਥਾਨ 'ਤੇ ਆਏ ਅਤੇ ਮੇਰੀ ਸਿਹਤ ਬਾਰੇ ਪੁੱਛਿਆ। ਇਸ ਦੌਰਾਨ, ਪੁਰਾਣੇ ਦਿਨਾਂ ਦੀਆਂ ਯਾਦਾਂ ਤਾਜ਼ਾ ਹੋ ਗਈਆਂ।" ਉਨ੍ਹਾਂ ਕਿਹਾ, "ਅਸੀਂ ਯਾਦ ਕੀਤਾ ਕਿ ਕਿਵੇਂ, ਯੂਪੀਏ ਸਰਕਾਰ ਦੌਰਾਨ ਅਸੀਂ ਨੌਜਵਾਨਾਂ, ਕਿਸਾਨਾਂ, ਸੈਨਿਕਾਂ ਅਤੇ ਆਮ ਆਦਮੀ ਲਈ ਪਾਰਦਰਸ਼ੀ ਅਤੇ ਲੋਕ ਭਲਾਈ ਯੋਜਨਾਵਾਂ ਲਾਗੂ ਕੀਤੀਆਂ ਅਤੇ ਦੇਸ਼ ਵਾਸੀਆਂ ਨੂੰ ਮਨਰੇਗਾ, ਆਰਟੀਈ ਅਤੇ ਆਰਟੀਆਈ ਵਰਗੇ ਕਾਨੂੰਨਾਂ ਨਾਲ ਸਸ਼ਕਤ ਬਣਾਇਆ।" ਯਾਦਵ ਨੇ ਕਿਹਾ, "ਸਰਦਾਰ ਮਨਮੋਹਨ ਸਿੰਘ ਦੀ ਅਗਵਾਈ ਹੇਠ ਅਸੀਂ ਬਿਹਾਰ ਦੇ ਵਿਕਾਸ ਲਈ 145,000 ਕਰੋੜ ਤੋਂ ਵੱਧ ਦੀ ਰਕਮ ਉਪਲੱਬਧ ਕਰਵਾਈ ਸੀ।" (ਪੀਟੀਆਈ)

ਹੈਦਰਾਬਾਦ 'ਚ ਅੰਤਰ-ਰਾਜੀ 'ਐੱਗ ਡੋਨਰ' ਰੈਕੇਟ ਦਾ ਪਰਦਾ.ਫਾਸ਼

ਹੈਦਰਾਬਾਦ, 2 ਨਵੰਬਰ (ਅਮਨ ਮੋਹਨ): ਹੈਦਰਾਬਾਦ ਦੀ ਮਲਕਾਜਗਿਰੀ ਪੁਲਿਸ ਨੇ ਇਕ ਵੱਡੀ ਕਾਰਵਾਈ ਕਰਦਿਆਂ ਦੇਸ਼ ਭਰ ਵਿਚ ਚੱਲ ਰਹੇ ਇਕ ਬਹੁਤ ਹੀ ਸੰਗਠਿਤ ਅਤੇ ਗ਼ੈਰ-ਕਾਨੂੰਨੀ 'ਐੱਗ ਡੋਨਰ' ਭਾਵ ਮਨੁੱਖੀ ਅੰਡੇ ਵੇਚਣ ਵਾਲੇ ਅੰਤਰ-ਰਾਜੀ ਰੈਕੇਟ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਬੇਗਮਪੇਟ ਅਤੇ ਸਰੂਰਨਗਰ ਇਲਾਕਿਆਂ ਵਿਚ ਛਾਪੇਮਾਰੀ ਕਰ ਕੇ 43 ਪੀੜਤ ਔਰਤਾਂ ਨੂੰ ਮੁਕਤ ਕਰਵਾਇਆ ਹੈ, ਜਿਨ੍ਹਾਂ ਨੂੰ ਦੇਸ਼ ਦੇ 7 ਵੱਖ-ਵੱਖ ਰਾਜਾਂ ਤੋਂ ਤਸਕਰੀ ਕਰ ਕੇ ਇੱਥੇ ਲਿਆਂਦਾ ਗਿਆ ਸੀ। ਇਸ ਮਾਮਲੇ ਵਿਚ ਮੁੱਖ ਸੰਚਾਲਕ ਅਮਿਤ ਸ਼ਰਮਾ ਅਤੇ ਮੁੱਖ ਭਰਤੀਕਰਤਾ ਨਿੱਕਤ ਪਰਵੀਨ ਸਹਿਤ 9 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜਾਂਚ ਅਧਿਕਾਰੀਆਂ ਅਨੁਸਾਰ, ਇਹ ਨੈੱਟਵਰਕ ਬੱਚਾ ਚਾਹੁਣ ਵਾਲੇ ਅਮੀਰ ਜੋੜਿਆਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਵਟਸਐਪ ਗਰੁੱਪਾਂ ਰਾਹੀਂ ਔਰਤਾਂ ਦਾ ਡਾਟਾ ਸਾਂਝਾ ਕਰਦਾ ਸੀ। ਜੋੜਿਆਂ ਦੀ ਮੰਗ ਮੁਤਾਬਕ ਔਰਤਾਂ ਦੀ ਜਾਤ, ਧਰਮ, ਕੱਦ-ਕਾਠ, ਪੜ੍ਹਾਈ ਅਤੇ ਗੋਰੇ



ਰੰਗ ਦੇ ਅਧਾਰ 'ਤੇ ਸਖ਼ਤ ਚੋਣ ਕੀਤੀ ਜਾਂਦੀ ਸੀ। ਗਾਹਕ ਦੀ ਮੰਗ ਜਿੰਨੀ ਜ਼ਿਆਦਾ ਖ਼ਾਸ ਹੁੰਦੀ ਸੀ, ਰੈਕੇਟ ਓਨੀ ਹੀ ਮੋਟੀ ਰਕਮ ਵਸੂਲਦਾ ਸੀ। ਇਸ ਸਿੰਡੀਕੇਟ ਨੇ ਪੱਛਮੀ ਬੰਗਾਲ, ਉੱਤਰ ਪ੍ਰਦੇਸ਼, ਉੜੀਸਾ, ਦਿੱਲੀ, ਛੱਤੀਸਗੜ੍ਹ, ਝਾਰਖੰਡ ਅਤੇ ਅਸਾਮ ਵਰਗੇ ਰਾਜਾਂ ਦੀਆਂ ਆਰਥਿਕ ਤੌਰ 'ਤੇ ਕਮਜ਼ੋਰ ਔਰਤਾਂ ਨੂੰ ਨਿਸ਼ਾਨਾ ਬਣਾਇਆ। ਪੀੜਤ ਔਰਤਾਂ ਨੂੰ ਪ੍ਰੋਫਾਈਲ ਦੇ ਅਧਾਰ 'ਤੇ 20,000 ਤੋਂ 50,000 ਰੁਪਏ ਤੱਕ ਦੇਣ ਦਾ ਲਾਲਚ ਦਿਤਾ ਜਾਂਦਾ ਸੀ, ਜਦੋਂ ਕਿ ਰੈਕੇਟ ਖ਼ੁਦ ਗਾਹਕਾਂ ਭਾਵ ਜੋੜਿਆਂ ਕੋਲੋਂ ਇਕ ਵਾਰ ਅੰਡੇ ਕੱਢਣ ਦੇ ਬਦਲੇ ਔਸਤਨ 3 ਲੱਖ ਰੁਪਏ ਵਸੂਲ ਕਰਦਾ ਸੀ। ਮੁਲਜ਼ਮਾਂ ਨੇ ਪੁਲਿਸ ਅਤੇ ਸਥਾਨਕ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਬੇਗਮਪੇਟ ਵਿਚ 'ਅਮੀ ਨੀਤਾ ਗਰਲਜ਼ ਹੋਸਟਲ' ਅਤੇ ਸਰੂਰਨਗਰ ਵਿਚ 'ਸ਼ੈਂਟੀ ਵਰਕਿੰਗ ਵੂਮੈਨ ਹੋਸਟਲ' ਕਿਰਾਏ 'ਤੇ ਲਏ ਹੋਏ ਸਨ। ਅਸਲ ਵਿਚ ਇਹ ਥਾਵਾਂ ਹੋਸਟਲ ਨਹੀਂ ਸਗੋਂ ਗ਼ੈਰ-ਕਾਨੂੰਨੀ ਮੈਡੀਕਲ ਸੈਂਟਰ ਸਨ। ਛਾਪੇਮਾਰੀ ਦੌਰਾਨ ਹੋਸਟਲ ਦੇ ਕਮਰਿਆਂ 'ਚੋਂ ਭਾਰੀ ਮਾਤਰਾ ਵਿਚ ਹਾਰਮੋਨਲ ਇੰਜੈਕਸ਼ਨ ਅਤੇ ਮੈਡੀਕਲ ਸਿਰਿੰਜਾਂ ਬਰਾਮਦ ਹੋਈਆਂ। ਬਿਨਾਂ ਕਿਸੇ ਯੋਗ ਡਾਕਟਰ ਦੀ ਦੇਖ-ਰੇਖ ਦੇ ਇੱਥੇ ਔਰਤਾਂ ਨੂੰ ਖ਼ਤਰਨਾਕ ਇੰਜੈਕਸ਼ਨ ਦਿਤੇ ਜਾ ਰਹੇ ਸਨ, ਜਿਸ ਨਾਲ ਉਨ੍ਹਾਂ ਦੀ ਜਾਨ ਨੂੰ ਗੰਭੀਰ ਖ਼ਤਰਾ ਸੀ। ਪੁਲਿਸ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਰੈਕੇਟ ਦੇ ਤਾਰ ਹੈਦਰਾਬਾਦ ਦੇ 23 ਨਾਮੀ ਆਈ.ਵੀ.ਐਫ ਕਲੀਨਿਕਾਂ ਨਾਲ ਜੁੜੇ ਹੋਏ ਹਨ, ਜੋ ਹੁਣ ਪੁਲਿਸ ਦੇ ਰਡਾਰ 'ਤੇ ਹਨ। ਫ਼ਰਜ਼ੀ ਆਧਾਰ ਕਾਰਡ ਬਣਾ ਕੇ ਇੱਕੋ ਔਰਤ ਤੋਂ ਕਾਨੂੰਨੀ ਨਿਯਮਾਂ ਦੀ ਉਲੰਘਣਾ ਕਰਕੇ ਵਾਰ-ਵਾਰ ਅੰਡੇ ਕੱਢੇ ਜਾਂਦੇ ਸਨ। ਗ੍ਰਿਫ਼ਤਾਰ ਮੁਲਜ਼ਮਾਂ ਵਿਚ ਪੰਕਜ ਸੋਨੀ ਵੀ ਸ਼ਾਮਲ ਹੈ, ਜੋ 2025 ਦੇ ਚਰਚਿਤ 'ਸ੍ਰਿਸ਼ਟੀ ਫਰਟੀਲਿਟੀ ਸੈਂਟਰ' ਘੁਟਾਲੇ ਵਿਚ ਵੀ ਮੁੱਖ ਮੁਲਜ਼ਮ ਰਿਹਾ ਹੈ। (ਪੀਟੀਆਈ)

ਗੋਆ ਕਲੱਬ ਮਾਮਲਾ : ਮ੍ਰਿਤਕਾਂ ਦੇ ਪਰਵਾਰਾਂ ਨੂੰ 20-20 ਲੱਖ ਮੁਆਵਜ਼ੇ ਦੇ ਹੁਕਮ

ਮੁੰਬਈ, 2 ਨਵੰਬਰ : ਬੰਬੇ ਹਾਈ ਕੋਰਟ ਨੇ ਅੱਜ ਗੋਆ ਦੇ ਨਾਈਟ ਕਲੱਬ 'ਬਿਰਚ ਬਾਏ ਰੋਮੀਓ ਲੇਨ' ਵਿਚ ਪਿਛਲੇ ਸਾਲ ਲੱਗੀ ਅੱਗ ਕਾਰਨ ਮਾਰੇ ਗਏ 25 ਵਿਅਕਤੀਆਂ ਦੇ ਪਰਵਾਰਾਂ ਨੂੰ 20-20 ਲੱਖ ਰੁਪਏ ਦਾ ਅੰਤਰਿਮ ਮੁਆਵਜ਼ਾ ਦੇਣ ਦੇ ਹੁਕਮ ਦਿਤੇ ਹਨ। ਇਹ ਮੁਆਵਜ਼ਾ ਕਲੱਬ ਦੇ ਮਾਲਕ ਸਕੇ ਭਰਾਵਾਂ ਸੌਰਭ ਲੂਥਰਾ ਅਤੇ ਗੌਰਵ ਲੂਥਰਾ ਨੂੰ ਦੇਣ ਲਈ ਕਿਹਾ ਗਿਆ ਹੈ। ਜਸਟਿਸ ਵਾਲਮੀਕੀ ਮੈਨੇਜ਼ਿਸ ਅਤੇ ਜਸਟਿਸ ਅਮਿਤ ਜਮਸਾਂਡੇਕਰ ਦੇ ਬੈਂਚ ਨੇ ਗੋਆ ਵਿਚ ਇਸ ਮਾਮਲੇ ਦੀ ਸੁਣਵਾਈ ਕੀਤੀ। ਉੱਤਰੀ ਗੋਆ ਦੇ ਅਰਪੋਰਾ ਵਿਚ ਸਥਿਤ 'ਬਿਰਚ ਬਾਏ ਰੋਮੀਓ ਲੇਨ' ਨਾਈਟ ਕਲੱਬ ਵਿਚ ਪਿਛਲੇ ਸਾਲ 6 ਦਸੰਬਰ ਦੀ ਰਾਤ ਨੂੰ ਅੱਗ ਲੱਗ ਗਈ ਸੀ। ਇਸ ਹਾਦਸੇ ਵਿਚ 25 ਵਿਅਕਤੀਆਂ ਦੀ ਮੌਤ ਹੋ ਗਈ ਸੀ, ਜਿਨ੍ਹਾਂ ਵਿਚ ਕਲੱਬ ਦੇ 20 ਮੁਲਾਜ਼ਮ ਅਤੇ ਪੰਜ ਸੈਲਾਨੀ ਸ਼ਾਮਲ ਸਨ। ਇਸ ਘਟਨਾ ਵਿਚ ਕਰੀਬ 50 ਵਿਅਕਤੀ ਜ਼ਖ਼ਮੀ ਵੀ ਹੋਏ ਸਨ। ਸੁਣਵਾਈ ਤੋਂ ਬਾਅਦ ਪੀੜਤ ਪਰਵਾਰਾਂ ਦੀ ਨੁਮਾਇੰਦਗੀ ਕਰ ਰਹੀ ਵਕੀਲ ਪ੍ਰਾਚੀ ਸਾਵੰਤ ਨੇ ਦਸਿਆ ਕਿ ਅਦਾਲਤ ਨੇ ਹਰੇਕ ਮ੍ਰਿਤਕ ਦੇ ਪਰਵਾਰ ਲਈ 20 ਲੱਖ ਰੁਪਏ ਦਾ ਅੰਤਰਿਮ ਮੁਆਵਜ਼ਾ ਤੈਅ ਕੀਤਾ ਹੈ। ਵਕੀਲ ਨੇ ਦਸਿਆ ਕਿ ਸੌਰਭ ਅਤੇ ਗੌਰਵ ਲੂਥਰਾ ਨੂੰ ਮੁਆਵਜ਼ੇ ਦੀ ਰਕਮ ਕਿਸ਼ਤਾਂ ਵਿਚ ਅਦਾ ਕਰਨ ਦੀ ਇਜਾਜ਼ਤ ਦਿਤੀ ਗਈ ਹੈ। ਉਨ੍ਹਾਂ ਨੂੰ 15 ਨਵੰਬਰ ਤੱਕ ਪੰਜ ਲੱਖ ਰੁਪਏ, ਦਸੰਬਰ ਵਿਚ ਹੋਰ ਪੰਜ ਲੱਖ ਰੁਪਏ ਅਤੇ ਬਾਕੀ ਰਕਮ ਅਗਲੇ ਸਾਲ ਫ਼ਰਵਰੀ ਤੱਕ ਅਦਾ ਕਰਨੀ ਹੋਵੇਗੀ। (ਪੀਟੀਆਈ)

ਸੜਕ ਨਿਰਮਾਣ 'ਚ ਲੱਗੇ ਅੱਠ ਮਜ਼ਦੂਰਾਂ ਦੀ ਕਰੰਟ ਲੱਗਣ ਨਾਲ ਮੌਤ

ਜੈਪੁਰ, 2 ਨਵੰਬਰ : ਰਾਜਸਥਾਨ ਦੇ ਝੁਨਝੁਨੂ ਜ਼ਿਲ੍ਹੇ ਵਿਚ ਸੋਮਵਾਰ ਨੂੰ ਬਿਜਲੀ ਦੇ ਕਰੰਟ ਨਾਲ ਅੱਠ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਪੰਜ ਹੋਰ ਝੁਲਸ ਗਏ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਝੁਨਝੁਨੂ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ ਅਤੇ ਪੀੜਤ ਪਰਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ। ਉਨ੍ਹਾਂ ਹਾਦਸੇ ਵਿਚ ਜ਼ਖ਼ਮੀਆਂ ਦੇ ਜਲਦੀ ਠੀਕ ਹੋਣ ਦੀ ਵੀ ਪ੍ਰਾਰਥਨਾ ਕੀਤੀ। ਮੋਦੀ ਨੇ ਪ੍ਰਧਾਨ ਮੰਤਰੀ ਰਾਸ਼ਟਰੀ ਰਾਹਤ ਫ਼ੰਡ ਤੋਂ ਜਾਨ ਗੁਆਉਣ ਵਾਲਿਆਂ ਦੇ ਪਰਵਾਰਾਂ ਨੂੰ 2-2 ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50,000 ਰੁਪਏ ਦੀ ਸਹਾਇਤਾ ਰਾਸ਼ੀ ਦਾ ਐਲਾਨ ਕੀਤਾ। ਮੁੱਖ ਮੰਤਰੀ ਭਜਨ ਲਾਲ ਸ਼ਰਮਾ ਨੇ ਵੀ ਹਾਦਸੇ 'ਤੇ ਦੁੱਖ ਪ੍ਰਗਟ ਕੀਤਾ। ਉਦੈਪੁਰਵਾਟੀ ਪੁਲਿਸ ਸਟੇਸ਼ਨ ਦੇ ਅਧਿਕਾਰੀ ਰਾਮਪਾਲ ਨੇ ਕਿਹਾ,"ਸੋਮਵਾਰ ਸਵੇਰੇ ਛਾਪੋਲੀ ਪਿੰਡ ਵਿਚ ਸੜਕ ਨਿਰਮਾਣ ਦਾ ਕੰਮ ਚੱਲ ਰਿਹਾ ਸੀ। ਇਸ ਦੌਰਾਨ, ਬਜਰੀ ਮਿਕਸਿੰਗ ਮਸ਼ੀਨ ਉੱਪਰੋਂ ਲੰਘਦੀ ਇਕ ਹਾਈ-ਟੈਂਸ਼ਨ ਤਾਰ ਦੇ ਸੰਪਰਕ ਵਿਚ ਆ ਗਈ, ਜਿਸ ਕਾਰਨ ਉਸ 'ਚ ਕਰੰਟ ਆ ਗਿਆ ਅਤੇ ਉੱਥੇ ਕੰਮ ਕਰ ਰਹੇ ਮਜ਼ਦੂਰ ਨੂੰ ਕਰੰਟ ਦੀ ਲਪੇਟ ਵਿਚ ਆ ਗਏ। ਰਾਮਪਾਲ ਨੇ ਕਿਹਾ, "ਅੱਠ ਮਜ਼ਦੂਰਾਂ ਦੀ ਮੌਤ ਦੀ ਸੂਚਨਾ ਹੈ। ਉਨ੍ਹਾਂ ਅੱਗੇ ਕਿਹਾ ਕਿ ਕੁਝ ਲੋਕ ਜ਼ਖ਼ਮੀ ਵੀ ਹੋਏ ਹਨ ਅਤੇ ਉਨ੍ਹਾਂ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ ਹੈ।" ਰਿਪੋਰਟਾਂ ਅਨੁਸਾਰ, ਪਿੰਡ ਵਾਸੀ ਸਾਂਝੇ ਤੌਰ 'ਤੇ ਜੰਗਲੀ ਖੇਤਰ ਵਿਚੋਂ ਲੰਘਦੀ ਸੜਕ ਨੂੰ ਮਜ਼ਬੂਤ ਕਰ ਰਹੇ ਸਨ ਜਦੋਂ



ਇਹ ਹਾਦਸਾ ਵਾਪਰਿਆ। ਸੂਚਨਾ ਮਿਲਣ 'ਤੇ ਜ਼ਿਲ੍ਹੇ ਦੇ ਸੀਨੀਅਰ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਮੌਕੇ 'ਤੇ ਪਹੁੰਚੇ। ਮ੍ਰਿਤਕਾਂ ਦੀ ਪਹਿਚਾਣ ਹਲੇਦਾ ਮੰਡਵਾੜਾ ਦੇ ਵਸਨੀਕ ਹਰੀਰਾਮ ਗੁਰਜਰ (30), ਮੰਗਲਚੰਦ ਗੁਰਜਰ (22), ਕਾਲੂਰਾਮ ਗੁਰਜਰ (29), ਪਵਨ ਗੁਰਜਰ (23), ਛਾਪੋਲੀ ਦੇ ਵਸਨੀਕ ਵਿਸ਼ਨੂੰ ਸੈਣੀ (38), ਸੁਰੇਂਦਰ ਉਰਫ਼ ਸੁਰੇਸ਼ ਸੈਣੀ (30), ਮੁਕੇਸ਼ ਸੈਣੀ (27) ਅਤੇ ਫ਼ਤਿਹਚੰਦ ਸੈਣੀ (32) ਵਜੋਂ ਹੋਈ ਹੈ। ਜ਼ਖ਼ਮੀਆਂ ਵਿਚ ਤਿੰਨ ਔਰਤਾਂ ਅਤੇ ਦੋ ਪੁਰਸ਼ ਸ਼ਾਮਲ ਹਨ। ਇਸ ਤੋਂ ਪਹਿਲਾਂ, ਊਰਜਾ ਮੰਤਰੀ ਹੀਰਾਲਾਲ ਨਾਗਰ ਨੇ ਕਿਹਾ ਕਿ ਘਟਨਾ ਦੀ ਜਾਂਚ ਦੇ ਹੁਕਮ ਦਿਤੇ ਗਏ ਹਨ। ਨਾਗਰ ਨੇ ਕਿਹਾ ਕਿ ਸ਼ੁਰੂਆਤੀ ਜਾਣਕਾਰੀ ਦੇ ਅਨੁਸਾਰ, "ਸੜਕ ਜਨਤਕ ਸਹਾਇਤਾ ਨਾਲ ਬਣਾਈ ਜਾ ਰਹੀ ਸੀ ਅਤੇ ਕੰਮ ਨਿਜੀ ਵਿਅਕਤੀਆਂ ਦੁਆਰਾ ਛੋਟੇ ਪੱਧਰ 'ਤੇ ਕੀਤਾ ਜਾ ਰਿਹਾ ਸੀ।" (ਪੀਟੀਆਈ)

ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ) [ਰੂਲ (8-1)]

ਜਦੋਂਕਿ ਨਿਮਨਹਸਤਾਖ਼ਰੀ ਨੇ ਆਈਆਈਐਫਐਲ ਹੋਮ ਫਾਇਨਾਂਸ ਲਿਮ. (ਪਹਿਲਾਂ ਇੰਡੀਆ ਇਨਫੋਲਾਈਨ ਹਾਊਸਿੰਗ ਫਾਇਨਾਂਸ ਲਿਮ. ਵਜੋਂ ਜਾਣੀ ਜਾਂਦੀ) (ਆਈਆਈਐਫਐਲ ਐਚਐਫਐਲ) ਦੇ ਅਧਿਕਾਰਤ ਅਫ਼ਸਰ ਵਜੋਂ ਸਕਿਓਰਿਟਾਈਜ਼ੇਸ਼ਨ ਤੇ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ੀਅਲ ਅਸੈਟਸ ਅਤੇ ਇਨਫੋਰਸਮੈਂਟ ਆਫ਼ ਸਕਿਉਰਿਟੀ ਇੰਟਰਸਟ ਐਕਟ 2002 ਅਤੇ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਕੰਪਨੀ ਦੇ ਅਧਿਕਾਰਤ ਅਫ਼ਸਰ ਵਲੋਂ ਹੇਠ ਦਰਸਾਏ ਕਰਜ਼ਦਾਰਾਂ/ਗਾਰੰਟਰਾਂ ਨੂੰ ਹੇਠ ਦਰਸਾਈ ਰਕਮ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫਲ ਰਹੇ, ਇਸ ਨੋਟਿਸ ਰਾਹੀਂ ਆਮ ਜਨਤਾ ਅਤੇ ਕਰਜ਼ਦਾਰ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖ਼ਰੀ ਨੇ ਉਕਤ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਦੇ ਸੈਕਸ਼ਨ 13(4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠ ਦਰਸਾਈ ਜਾਇਦਾਦ ਦਾ ਕਬਜ਼ਾ ਲੈ ਲਿਆ ਹੈ। ਖ਼ਾਸ ਤੌਰ 'ਤੇ ਕਰਜ਼ਦਾਰ ਨੂੰ ਤੇ ਆਮ ਜਨਤਾ ਨੂੰ ਖ਼ਬਰਦਾਰ ਕੀਤਾ ਜਾਂਦਾ ਹੈ ਕਿ ਇਸ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਨਾ ਕੀਤਾ ਜਾਵੇ, ਇਸ ਜਾਇਦਾਦ ਸਬੰਧੀ ਕਿਸ ਤਰ੍ਹਾਂ ਦਾ ਸੌਦਾ ਕਰਨ ਦਾ ਅਧਿਕਾਰ ਹੇਠ ਦਰਸਾਈ ਰਕਮ ਸਮੇਤ ਇਸ 'ਤੇ ਵਿਆਜ ਦੀ ਆਈਆਈਐਫਐਲ ਐਚਐਫਐਲ ਨੂੰ ਅਦਾਇਗੀ ਦਾ ਜ਼ਿੰਮੇਵਾਰ ਹੋਵੇਗਾ। ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਐਕਟ ਦੇ ਸੈਕਸ਼ਨ 13 ਦੇ ਸੈਕਸ਼ਨ (8) ਜੇਕਰ ਕਰਜ਼ਦਾਰ 'ਆਈਆਈਐਫਐਲ ਐਚਐਫਐਲ' ਦੇ ਬਕਾਇਆਂ ਦੀ ਅਦਾਇਗੀ ਸਮੇਤ ਲਾਗਤਾਂ, ਖ਼ਰਚੇ ਅਤੇ ਹੋਰ ਖ਼ਰਚਿਆਂ ਸਮੇਤ ਸਕਿਓਰਡ ਅਸਾਸਿਆਂ ਦੀ ਵਿਕਰੀ ਜਾਂ ਟਰਾਂਸਫਰ ਦੀ ਮਿਤੀ ਤੋਂ ਪਹਿਲਾਂ ਕਰ ਦਿੰਦੀ ਜਾਂਦੀ ਹੈ ਤਾਂ 'ਆਈਆਈਐਫਐਲ ਐਚਐਫਐਲ' ਵੱਲੋਂ ਅਸਾਸਿਆਂ ਨੂੰ ਨਾ ਤਾਂ ਵੇਚਿਆ ਜਾਵੇਗਾ ਅਤੇ ਨਾ ਹੀ ਟਰਾਂਸਫਰ ਕੀਤਾ ਜਾਵੇਗਾ ਅਤੇ 'ਆਈਆਈਐਫਐਲ ਐਚਐਫਐਲ' ਵੱਲੋਂ ਦੱਸੀ ਗਈ ਸਕਿਓਰਡ ਅਸਾਸਿਆਂ ਦੀ ਵਿਕਰੀ ਜਾਂ ਟਰਾਂਸਫਰ ਲਈ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

ਕਰਜ਼ਦਾਰ ਦਾ ਨਾਮ	ਸਕਿਓਰਡ ਐਸਟਸ ਦੇ ਵੇਰਵੇ (ਅਚੱਲ ਜਾਇਦਾਦ)	ਕੁੱਲ ਬਕਾਇਆ ਰਕਮ	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ
ਸ੍ਰੀ ਰਜਿੰਦਰ ਰਾਏ, ਸ੍ਰੀ ਦਰੋਗਾ, ਸ੍ਰੀਮਤੀ ਸੀਮਾ (ਪ੍ਰੋਸਪੈਕਟਸ ਨੰ. IL10373837)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਵਿਚੋਂ ਖਸਰਾ ਨੰ. 10//8/1, 1(2-9), ਖੇਵਟ ਅਤੇ ਖਾਤਾ ਨੰ. 85/123, ਹੌਕੇ ਵਾਲਾ, ਫਿਰੋਜ਼ਪੁਰ ਸਿਟੀ, ਫਿਰੋਜ਼ਪੁਰ, ਪੰਜਾਬ 152002 ਵਿਖੇ, ਰਕਬਾ ਮਿਣਤੀ (ਵ. ਫੁਟ 'ਚ) ਜਾਇਦਾਦ ਦੀ ਕਿਸਮ, Land_Area, Built_Up_Area, Super_Built_Up_Area, ਜਾਇਦਾਦ ਰਕਬਾ : 1360.00, 1320.00, 1320.00	ਰੁ. 1101621/- (ਗਿਆਰਾਂ ਲੱਖ ਇਕ ਹਜ਼ਾਰ ਛੇ ਸੌ ਇੱਕੀ ਰੁ. ਸਿਰਫ਼)	10-06-2026	29-10-2026
ਸ੍ਰੀ ਭਰਤ ਭੂਸ਼ਨ, ਸ੍ਰੀਮਤੀ ਸੋਨੂੰ, ਭਰਤ ਕੰਟਰੈਕਟਰ (ਪ੍ਰੋਸਪੈਕਟਸ ਨੰ. IL10469837)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜਿਸ ਦਾ ਹੱਦਬਸਤ ਨੰ. 108, ਖੇਵਟ ਨੰ 1568, ਖਸਰਾ ਨੰ. 147 ਕਿੱਲਾ 7/2(2-17), 13/1(2-0), ਤਹਿਸੀਲ ਤੇ ਜ਼ਿਲ੍ਹਾ ਫਿਰੋਜ਼ਪੁਰ, 152002 ਵਿਖੇ ਰਕਬਾ ਮਿਣਤੀ (ਵ. ਫੁਟ 'ਚ) ਜਾਇਦਾਦ ਦੀ ਕਿਸਮ, Area_Admeasuring, ਜਾਇਦਾਦ ਰਕਬਾ : 612	ਰੁ. 666670/- (ਛੇ ਲੱਖ ਛਿਆਹਟ ਹਜ਼ਾਰ ਛੇ ਸੌ ਸੱਤਰ ਰੁ. ਸਿਰਫ਼)	08-05-2026	29-10-2026
ਸ੍ਰੀ ਨੀਤਿਨ ਸਾਹਨੀ, ਸ੍ਰੀਮਤੀ ਸੋਨਮ ਨੀਤਿਨ ਰਿਕਸ਼ਾ (ਪ੍ਰੋਸਪੈਕਟਸ ਨੰ. IL10486309)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਪ੍ਰਾਈਵੇਟ ਨੰ. 02 ਮਿਨ ਜਿਸ ਦਾ ਖਸਰਾ ਨੰ. 4//27, 4//34 ਮਿਨ ਸਥਿਤ ਹੈ ਪਿੰਡ ਮੁਲੇਚੱਕ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ 143001 ਵਿਖੇ ਰਕਬਾ ਮਿਣਤੀ (ਵ. ਫੁਟ 'ਚ) ਜਾਇਦਾਦ ਦੀ ਕਿਸਮ, Area_Admeasuring, ਜਾਇਦਾਦ ਰਕਬਾ : 450	ਰੁ. 995453/- (ਨੌਂ ਲੱਖ ਪਚਾਨਵੇਂ ਹਜ਼ਾਰ ਚਾਰ ਸੌ ਤਰਵੰਜਾ ਰੁ. ਸਿਰਫ਼)	08-05-2026	29-10-2026
ਸ੍ਰੀ ਸਰਦੂਲ ਸਿੰਘ, ਸ੍ਰੀਮਤੀ ਸਰਬਜੀਤ ਕੌਰ (ਪ੍ਰੋਸਪੈਕਟਸ ਨੰ. IL10562422)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜਿਸ ਦਾ ਖੇਵਟ ਨੰ. 40, ਖਤੌਨੀ ਨੰ. 61, ਮੁਰੱਬਾ ਨੰ. 63, ਕਿੱਲਾ ਨੰ. 18/2/2(3-0), ਫਿਰੋਜ਼ਪੁਰ, ਪੰਜਾਬ 152022 ਵਿਖੇ ਰਕਬਾ ਮਿਣਤੀ (ਵ. ਫੁਟ 'ਚ) ਜਾਇਦਾਦ ਦੀ ਕਿਸਮ, Area_Admeasuring, ਜਾਇਦਾਦ ਰਕਬਾ : 4084	ਰੁ. 624499/- (ਛੇ ਲੱਖ ਚੌਵੀ ਹਜ਼ਾਰ ਚਾਰ ਸੌ ਨੜਿੰਨਵੇਂ ਰੁ. ਸਿਰਫ਼)	09-06-2026	29-10-2026
ਸ੍ਰੀ ਪ੍ਰਤਾਪ ਸਿੰਘ, ਸ੍ਰੀਮਤੀ ਰਤਨਾ (ਪ੍ਰੋਸਪੈਕਟਸ ਨੰ. IL10686184)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਪਲਾਟ ਨੰ. 105 ਈ, ਜੋ ਸ਼ਾਮਲ ਹੈ ਵਿਚ ਖਸਰਾ ਨੰ. 170//18 (5-0), 19/1 (9-1), 22/2 (0-9), 23/1/1 (0-9) ਅਤੇ 170//23/1/2 (4-13) And 171//6/1 (1-14), 15/2 (3-9) ਅਤੇ 170//11 (7-0), 20/1 (1-18) ਸਥਿਤ ਹੈ ਰੋਵਲਿਊ ਹੱਦ ਰਿਖੀ ਕਾਲੋਨੀ, ਫੇਜ਼-3, ਫਿਰੋਜ਼ਪੁਰ ਸਿਟੀ, ਤਹਿਸੀਲ ਤੇ ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ 152002 ਵਿਖੇ ਰਕਬਾ ਮਿਣਤੀ (ਵ. ਫੁਟ 'ਚ) ਜਾਇਦਾਦ ਦੀ ਕਿਸਮ, Area_Admeasuring, ਜਾਇਦਾਦ ਰਕਬਾ : 1225	ਰੁ. 600777/- (ਛੇ ਲੱਖ ਸੱਤ ਸੌ ਸਤੱਤਰ ਰੁ. ਸਿਰਫ਼)	09-06-2026	29-10-2026
ਸ੍ਰੀ ਸੋਨੂੰ, ਸ੍ਰੀ ਹੀਰਾ ਲਾਲ, ਸ੍ਰੀਮਤੀ ਮੰਜੂ ਹੀਰਾ ਆਟੋ ਸਰਵਿਸ (ਪ੍ਰੋਸਪੈਕਟਸ ਨੰ. IL10708539)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਮਕਾਨ ਨੰ. 108-ਏ ਜਾਇਦਾਦ ਜੋ ਸ਼ਾਮਲ ਹੈ ਅਧੀਨ ਖਸਰਾ ਨੰ. 419/1, 1057, 3354/1059-1060, 416, 387, 389, 347, 3374/780-781, 348, 3869/3093, 730-731 ਸਥਿਤ ਹੈ ਗੁਲਮਰਗ ਕਾਲੋਨੀ, ਅਬਾਦੀ ਚੱਕ ਹੁਸੈਨਾ, ਲੰਬਾ ਪਿੰਡ ਤਹਿਸੀਲ ਤੇ ਜ਼ਿਲ੍ਹਾ ਜਲੰਧਰ, ਪੰਜਾਬ 144001 ਵਿਖੇ ਰਕਬਾ ਮਿਣਤੀ (ਵ. ਫੁਟ 'ਚ) ਜਾਇਦਾਦ ਦੀ ਕਿਸਮ, Area_Admeasuring, ਜਾਇਦਾਦ ਰਕਬਾ : 437	ਰੁ. 1379118/- (ਤੇਰਾਂ ਲੱਖ ਉਨਾਸੀ ਹਜ਼ਾਰ ਇਕ ਸੌ ਅਠਾਰਾਂ ਰੁ. ਸਿਰਫ਼)	05-01-2026	29-10-2026
ਸ੍ਰੀ ਰਾਮ ਸਿੰਘ, ਸ੍ਰੀਮਤੀ ਦਲਜੀਤ ਕੌਰ, ਰਾਮ ਡੇਅਰੀ ਫਾਰਮ (ਪ੍ਰੋਸਪੈਕਟਸ ਨੰ. IL10745892)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜੋ ਸ਼ਾਮਲ ਹੈ ਵਿਚ ਖਸਰਾ ਨੰ 5266/4767 (29-3), ਖੇਵਟ/ਖਤੌਨੀ ਨੰ. 1335/7683, ਸਥਿਤ ਹੈ ਗਲੀ ਨੰ 38/3, ਪਰਸ ਰਾਮ ਨਗਰ, ਪੱਤੀ ਭੂਰੀ, ਬਠਿੰਡਾ 151001 ਵਿਖੇ ਰਕਬਾ ਮਿਣਤੀ (ਵ. ਫੁਟ 'ਚ) ਜਾਇਦਾਦ ਦੀ ਕਿਸਮ, Area_Admeasuring, ਜਾਇਦਾਦ ਰਕਬਾ : 1125	ਰੁ. 1007677/- (ਦਸ ਲੱਖ ਸੱਤ ਹਜ਼ਾਰ ਛੇ ਸੌ ਸਤੱਤਰ ਰੁ. ਸਿਰਫ਼)	08-05-2026	29-10-2026
ਸ੍ਰੀ ਵੀਰ ਸਿੰਘ, ਸ੍ਰੀਮਤੀ ਗੁਰਜਿੰਦਰ ਕੌਰ, ਵੀਰ ਮਿਸਤਰੀ (ਪ੍ਰੋਸਪੈਕਟਸ ਨੰ. IL11015025)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਜਿਸ ਦਾ ਖੇਵਟ ਨੰ 38, ਖਤੌਨੀ ਨੰ 473/3/1-2/3/2/2(5-15) 484/1(1-5), ਬਠਿੰਡਾ, ਪੰਜਾਬ 151302 ਵਿਖੇ ਰਕਬਾ ਮਿਣਤੀ (ਵ. ਫੁਟ 'ਚ) ਜਾਇਦਾਦ ਦੀ ਕਿਸਮ, Area_Admeasuring, ਜਾਇਦਾਦ ਰਕਬਾ : 5717	ਰੁ. 787541/- (ਸੱਤ ਲੱਖ ਸਤਾਸੀ ਹਜ਼ਾਰ ਪੰਜ ਸੌ ਇਕਤਾਲੀ ਰੁ. ਸਿਰਫ਼)	08-05-2026	29-10-2026
ਸ੍ਰੀ ਬਾਬੂ ਰਾਮ, ਸ੍ਰੀਮਤੀ ਮਧੂ ਬਾਲਾ (ਪ੍ਰੋਸਪੈਕਟਸ ਨੰ. 986176 & IL10604036)	ਸਾਰੇ ਜ਼ਰੂਰੀ ਤੇ ਅਹਿਮ ਹਿੱਸੇ ਜਾਇਦਾਦ ਨੰ. ਪੀਐਸ 48/39, ਸਥਿਤ ਹੈ ਗਲੀ ਨੰ. 5, ਭਰਤ ਨਗਰ, ਫਿਰੋਜ਼ਪੁਰ ਸਿਟੀ 152001 ਵਿਖੇ ਰਕਬਾ ਮਿਣਤੀ (ਵ. ਫੁਟ 'ਚ) ਜਾਇਦਾਦ ਦੀ ਕਿਸਮ, Area_Admeasuring, ਜਾਇਦਾਦ ਰਕਬਾ : 788	ਰੁ. 129512/- (ਇਕ ਲੱਖ ਉਨੱਤੀ ਹਜ਼ਾਰ ਪੰਜ ਸੌ ਬਾਰਾਂ ਰੁ. ਸਿਰਫ਼) IL10604036 ਲਈ ਅਤੇ ਰੁ. 232101/- (ਦੋ ਲੱਖ ਬੱਤੀ ਹਜ਼ਾਰ ਇਕ ਸੌ ਇਕ ਰੁ. ਸਿਰਫ਼) 986176 ਲਈ	08-05-2026	29-10-2026

ਅਗਾਉਂ ਵੇਰਵਿਆਂ ਲਈ ਕ੍ਰਿਪਾ ਕਰਕੇ ਅਧਿਕਾਰਤ ਅਫ਼ਸਰ ਬ੍ਰਾਂਚ ਦਫ਼ਤਰ :ਐਸਸੀਓ 21, ਪੰਜਵੀਂ ਮੰਜ਼ਿਲ, ਲੁਧਿਆਣਾ, ਫਿਰੋਜ਼ਗਾਂਧੀ ਮਾਰਕਿਟ, ਲੁਧਿਆਣਾ, ਪੰਜਾਬ 141001/ਜਾਂ ਕਾਰਪੋਰੇਟ ਦਫ਼ਤਰ : ਆਈਆਈਐਫਐਲ ਟਾਵਰ, ਪਲਾਟ ਨੰ. 98, ਫੇਜ਼ 4, ਉਦਯੋਗ ਵਿਹਾਰ, ਗੁੜਗਾਉਂ, ਹਰਿਆਣਾ

ਸਥਾਨ : ਪੰਜਾਬ, ਮਿਤੀ : 00-11-2026 ਸਹੀ/- ਅਧਿਕਾਰਤ ਅਫ਼ਸਰ, ਆਈਆਈਐਫਐਲ ਹੋਮ ਫਾਇਨਾਂਸ ਲਿਮਟਿਡ ਲਈ

HDB FINANCIAL SERVICES
From the trusted family of HDFC Bank

ਐਚਡੀਬੀ ਫਾਈਨੈਂਸ਼ੀਅਲ ਸਰਵਿਸਿਜ਼ ਲਿਮਟਿਡ

ਰਜਿਸਟਰਡ ਦਫ਼ਤਰ : ਰਾਧਿਕਾ, ਦੂਜੀ ਮੰਜ਼ਿਲ, ਲਾਅ ਗਾਰਡਨ ਰੋਡ, ਨਵਰੰਗਪੁਰਾ, ਅਹਿਮਦਾਬਾਦ-380009, ਬਰਾਂਚ ਦਫ਼ਤਰ : ਐਚਡੀਬੀ ਫਾਈਨੈਂਸ਼ੀਅਲ ਸਰਵਿਸਿਜ਼ ਲਿਮਟਿਡ, ਬਰਾਂਚ ਦਫ਼ਤਰ : ਪਹਿਲੀ ਮੰਜ਼ਿਲ, ਐਸਸੀਓ ਨੰ. 70, ਸੈਕਟਰ 47 ਡੀ, ਚੰਡੀਗੜ੍ਹ-160047

ਸਰਫਾਇਸੀ ਐਕਟ 2002 ਅਧੀਨ ਈ-ਨਿਲਾਮੀ ਵਿਕਰੀ ਨੋਟਿਸ

ਨਿਮਨ ਹਸਤਾਖਰੀ ਨੇ ਐਚਡੀਬੀ ਫਾਈਨੈਂਸ਼ੀਅਲ ਸਰਵਿਸਿਜ਼ ਲਿਮਟਿਡ ਦੇ ਅਧਿਕਾਰਤ ਅਫ਼ਸਰ ਵਜੋਂ ਦੀ ਸਕਿਓਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਦੀ ਫਾਈਨੈਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ 2002 ਦੇ ਸੈਕਸ਼ਨ 13(2) ਅਧੀਨ ਜਾਰੀ ਨੋਟਿਸ ਦੀ ਪਾਲਣਾ ਕਰਦਿਆਂ ਹੇਠ ਦਰਸਾਈ ਜਾਇਦਾਦ ਦਾ ਕਬਜ਼ਾ ਲੈ ਕੇ ਹੇਠ ਦਰਸਾਏ ਖਾਤੇ ਵਿਚ ਵੇਚਣ ਦਾ ਹੱਕ ਪ੍ਰਾਪਤ ਕਰ ਲਿਆ ਹੈ। ਇਹ 'ਜਿਵੇਂ ਜਿੱਥੇ ਹੈ ਦੇ ਆਧਾਰ' 'ਤੇ ਅਤੇ 'ਜੋ ਵੀ ਉੱਥੇ ਹੈ ਦੇ ਆਧਾਰ' ਕੰਪਨੀ ਦੇ ਬਕਾਇਆ ਵਸੂਲਣ ਲਈ ਕੀਤੀ ਜਾਵੇਗੀ।

1. ਕਰਜ਼ਦਾਰ/ਾਂ ਅਤੇ ਗਰੰਟਰ/ਾਂ ਦਾ ਨਾਂ ਅਤੇ ਪਤਾ, 2. ਕੁੱਲ ਬਕਾਇਆ+ਵਿਆਜ ਕਦੋਂ ਤੋਂ	ਜਾਇਦਾਦ ਦਾ ਵੇਰਵਾ	1. ਈ ਨਿਲਾਮੀ ਦੀ ਮਿਤੀ ਅਤੇ ਸਮਾਂ 2. ਈਐਮਡੀ ਜਮ੍ਹਾਂ ਕਰਨ ਦੀ ਆਖਰੀ ਮਿਤੀ 3. ਜਾਇਦਾਦ ਦੀ ਪੜਤਾਲ ਦੀ ਮਿਤੀ ਅਤੇ ਸਮਾਂ	1. ਰਾਖਵੀਂ ਕੀਮਤ 2. ਜਾਇਦਾਦ ਦੀ ਈਐਮਡੀ
1. ਜਗਦੀਸ਼ ਰਾਏ ਮਕਾਨ ਨੰ. 10568/26 ਗਲੀ ਨੰ. 2 ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮਿਲਰਗੰਜ ਲੁਧਿਆਣਾ ਲੁਧਿਆਣਾ-141003 ਪੰਜਾਬ ਇੱਥੇ ਹੀ ਖਸਰਾ ਨੰ. 869, ਖਾਤਾ ਨੰ.1008/1359 ਜਮਾਂਬੰਦੀ 2009-10, ਪਿੰਡ ਢੋਲੇਵਾਲ ਐਚ ਬੀ ਨੰ. 174, ਐਸ. ਏ. ਐਸ. ਨਗਰ, ਲੁਧਿਆਣਾ-141003, 2. ਵਿਜੇ ਰਾਣੀ, ਵਾਸੀ ਐਚ ਨੰ. 10568/26 ਗਲੀ ਨੰ. 2 ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮਿਲਰਗੰਜ ਲੁਧਿਆਣਾ-141003 ਪੰਜਾਬ, 3. ਅਸ਼ੀਸ਼ ਕੁਮਾਰ, ਵਾਸੀ ਐਚ ਨੰ. 10568/26 ਗਲੀ ਨੰ. 2 ਸਾਹਿਬਜ਼ਾਦਾ ਅਜੀਤ ਸਿੰਘ ਨਗਰ ਮਿਲਰਗੰਜ ਲੁਧਿਆਣਾ-141003 ਪੰਜਾਬ, ਲੋਨ ਖਾਤਾ ਨੰ.: 14518650,	ਸਾਰੇ ਅਹਿਮ ਅਤੇ ਜ਼ਰੂਰੀ ਹਿੱਸੇ ਮਕਾਨ ਜਿਸਦਾ ਨੰ.ਬੀ-21/ 10568/26/1, ਮਿਣਤੀ 100 ਵ. ਗਜ਼, ਸਥਿਤ ਹੈ ਪਿੰਡ ਢੋਲੇਵਾਲ ਅਬਾਦੀ ਜਾਣੀ ਜਾਂਦੀ ਹੈ ਐਸ. ਏ. ਐਸ. ਨਗਰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਜਾਇਦਾਦ ਜਗਦੀਸ਼ ਰਾਏ ਪੁੱਤਰ ਸੁੰਦਰ ਲਾਲ ਦੇ ਨਾਂ ਖੜ੍ਹੀ, ਦਰਜ ਟਰਾਂਸਫਰ ਡੀਡ ਅਨੁਸਾਰ ਜਿਸ ਦਾ ਨੰ. 2020-21/106/1/8033 ਮਿਤੀ 29.10.2020, ਹੱਦਾਂ ਪੂਰਬ: ਗਲੀ 20 ਫੁੱਟ ਚੌੜੀ ਮਿਣਤੀ 18 ਫੁੱਟ, ਪੱਛਮ: ਕੈਲਾਸ਼ ਦਾ ਮਕਾਨ ਮਿਣਤੀ 18 ਫੁੱਟ, ਉਤਰ: ਗਲੀ 12 ਫੁੱਟ ਚੌੜੀ ਮਿਣਤੀ 18 ਫੁੱਟ, ਦੱਖਣ: ਸ਼ੁਭਕਰਨ ਮਿਣਤੀ 50 ਫੁੱਟ	1. ਈ ਨਿਲਾਮੀ ਦੀ ਮਿਤੀ : 11.12.2026 ਨੂੰ ਸਵੇਰੇ 10.30 ਵਜੇ ਤੋਂ ਸਵੇਰੇ 12.30 ਵਜੇ ਤੱਕ ਅਗਾਊਂ 5 ਮਿੰਟ ਦੇ ਵਾਧੇ ਨਾਲ 2. ਈਐਮਡੀ ਸਮੇਤ ਕੇਵਾਈਸੀ ਜਮ੍ਹਾ ਕਰਨ ਦੀ ਆਖਰੀ ਮਿਤੀ : 09.12.2026 ਨੂੰ ਸ਼ਾਮ 5.00 ਵਜੇ ਤੱਕ 3. ਪੜਤਾਲ ਦੀ ਮਿਤੀ : 08.12.2026 ਨੂੰ ਸਵੇਰੇ 11.00 ਵਜੇ ਤੋਂ ਬਾ.ਦੁ. 01.00 ਵਜੇ ਦੇ ਵਿਚਕਾਰ	ਰਾਖਵੀਂ ਕੀਮਤ (ਰੁ. 'ਚ): ਰੁ. 4680000/- (ਛਿਆਲੀ ਲੱਖ ਅੱਸੀ ਹਜ਼ਾਰ ਰੁ. ਸਿਰਫ਼) ਈਐਮਡੀ ਰਕਮ (ਰੁ. 'ਚ): ਰੁ. 468000/- (ਚਾਰ ਲੱਖ ਅਠਾਹਟ ਹਜ਼ਾਰ ਰੁ. ਸਿਰਫ਼)
1. ਸੁਸ਼ਾਂਤ ਸਿੰਘ ਮਕਾਨ ਨੰ. 1308/3 ਸੇਵਕ ਪੁਰਾ ਮਿਲਰਗੰਜ ਲੁਧਿਆਣਾ ਲੁਧਿਆਣਾ-141003 ਪੰਜਾਬ ਇੱਥੇ ਹੀ ਮਕਾਨ ਨੰ. 1308/3, ਖਸਰਾ ਨੰ. 2821/112,121, ਖੇਵਟ ਨੰ. 2259, 2262, ਖਤੌਨੀ ਨੰ. 2659,2662, ਪਿੰਡ ਪੀਰੂਬੰਦਾ, ਐਚ.ਬੀ. ਨੰ. 167, ਲੁਧਿਆਣਾ 141003, 2. ਅਮਨਦੀਪ ਕੌਰ ਮਕਾਨ ਨੰ. 1308/3 ਸੇਵਕ ਪੁਰਾ ਮਿਲਰਗੰਜ ਲੁਧਿਆਣਾ-141003 ਪੰਜਾਬ, ਅਮਨਦੀਪ ਕੌਰ ਮਕਾਨ ਨੰ. 1308/3 ਸੇਵਕ ਪੁਰਾ ਮਿਲਰਗੰਜ ਲੁਧਿਆਣਾ ਲੁਧਿਆਣਾ-141003 ਪੰਜਾਬ, 3. ਕਵਲਜੀਤ ਸਿੰਘ ਮਕਾਨ ਨੰ. 1308/3 ਸੇਵਕ ਪੁਰਾ ਮਿਲਰਗੰਜ ਲੁਧਿਆਣਾ ਲੁਧਿਆਣਾ-141003 ਪੰਜਾਬ ਲੋਨ ਖਾਤਾ ਨੰ.: 27802309	ਸਾਰੇ ਅਹਿਮ ਅਤੇ ਜ਼ਰੂਰੀ ਹਿੱਸੇ ਮਕਾਨ ਨੰ. 1308/3, ਜਾਇਦਾਦ ਮਿਣਤੀ 150ਵ.ਗਜ਼, ਵਿੱਚ ਸ਼ਾਮਲ ਖਸਰਾ ਨੰ. 2821/112, 121, ਖੇਵਟ ਨੰ. 2259,2262, ਖਤੌਨੀ ਨੰ. 2659, 2662, ਸਾਲ 2006-07 ਲਈ ਜਮਾਂਬੰਦੀ ਅਨੁਸਾਰ ਸਥਿਤ ਹੈ ਪਿੰਡ ਪੀਰੂਬੰਦਾ, ਐਚ.ਬੀ. ਨੰ. 167, ਅਬਾਦੀ ਜਾਣੀ ਜਾਂਦੀ ਹੈ ਸੇਵਕਪੁਰਾ ਵਜੋਂ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਜਾਇਦਾਦ ਸ੍ਰੀ ਸੁਸ਼ਾਂਤ ਸਿੰਘ ਅਤੇ ਕੰਵਲਜੀਤ ਸਿੰਘ ਪੁੱਤਰ ਬਲਬੀਰ ਸਿੰਘ ਪੁੱਤਰ ਦਰਸ਼ਨ ਸਿੰਘ ਦੇ ਨਾਮ, ਟਰਾਂਸਫਰ ਡੀਡ ਵਸੀਕਾ ਨੰ. 1572 ਮਿਤੀ 20.4.2016 ਅਨੁਸਾਰ ਹੱਦਾਂ: ਪੂਰਬ: ਜੀਵਨ ਸਿੰਘ ਮਿਣਤੀ 60', ਪੱਛਮ: ਸਰਵਨ ਸਿੰਘ ਮਿਣਤੀ 60', ਉਤਰ: ਗਲੀ 20' ਚੌੜੀ, ਮਿਣਤੀ 22-1/2, ਦੱਖਣ: ਪ੍ਰੀਤਮ ਸਿੰਘ ਮਿਣਤੀ 22-1/2'	1. ਈ ਨਿਲਾਮੀ ਦੀ ਮਿਤੀ : 11.12.2026 ਨੂੰ ਸਵੇਰੇ 10.30 ਵਜੇ ਤੋਂ ਸਵੇਰੇ 12.30 ਵਜੇ ਤੱਕ ਅਗਾਊਂ 5 ਮਿੰਟ ਦੇ ਵਾਧੇ ਨਾਲ 2. ਈਐਮਡੀ ਸਮੇਤ ਕੇਵਾਈਸੀ ਜਮ੍ਹਾ ਕਰਨ ਦੀ ਆਖਰੀ ਮਿਤੀ : 09.12.2026 ਨੂੰ ਸ਼ਾਮ 5.00 ਵਜੇ ਤੱਕ 3. ਪੜਤਾਲ ਦੀ ਮਿਤੀ : 08.12.2026 ਨੂੰ ਸਵੇਰੇ 11.00 ਵਜੇ ਤੋਂ ਬਾ.ਦੁ. 01.00 ਵਜੇ ਦੇ ਵਿਚਕਾਰ	ਰਾਖਵੀਂ ਕੀਮਤ (ਰੁ. 'ਚ): ਰੁ. 7791000/- (ਸਤੱਤਰ ਲੱਖ ਇਕਿਆਨਵੇਂ ਹਜ਼ਾਰ ਰੁ. ਸਿਰਫ਼) ਈਐਮਡੀ ਰਕਮ (ਰੁ. 'ਚ): ਰੁ. 779100/- (ਸੱਤ ਲੱਖ ਉਨਾਸੀ ਹਜ਼ਾਰ ਇੱਕ ਸੌ ਰੁ. ਸਿਰਫ਼)

ਇਛੁਕ ਬੋਲੀਕਾਰਾਂ ਨੂੰ ਨਿਲਾਮੀ ਲਈ ਰੱਖੀਆਂ ਜਾਇਦਾਦਾਂ ਅਤੇ ਚਾਰਜਿਜ਼, ਭਾਰਾਂ ਸੰਬੰਧੀ ਜ਼ਰੂਰੀ ਜਾਣਕਾਰੀ ਲੈਣ ਲਈ ਬਰਾਂਚ ਵਿਚ ਪਹੁੰਚ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਖਰੀਦਦਾਰ ਖੁਦ ਜਾਂਚ ਕਰ ਸਕਣਗੇ ਅਤੇ ਵਾਧੂ ਚਾਰਜਿਜ਼, ਭਾਰਾਂ ਅਤੇ ਤੀਜੀ ਧਿਰ ਦੇ ਹਿੱਤਾਂ ਬਾਰੇ ਖੁਦ ਪਤਾ ਲਾਉਣ ਅਤੇ ਸਾਰੇ ਤਰ੍ਹਾਂ ਨਾਲ ਆਪਣੀ ਸੰਤੁਸ਼ਟੀ ਕਰਨ। ਬੋਲੀਕਾਰ(ਾਂ)/ਸੰਭਾਵੀ ਖਰੀਦਦਾਰ(ਾਂ) ਨੂੰ ਉਪਰ ਦਰਸਾਏ ਸੰਬੰਧੀ, ਉਨ੍ਹਾਂ ਦੀ ਆਪਣੀ ਰੁਚੀ ਅਤੇ ਉਪਰ ਦਰਸਾਈ ਜਾਇਦਾਦ/ਜਾਇਦਾਦਾਂ ਸੰਬੰਧੀ ਹੋਰ ਸੰਬੰਧਤ ਵੇਰਵਿਆਂ ਬਾਰੇ ਬੋਲੀਆਂ ਜਮ੍ਹਾਂ ਕਰਨ ਤੋਂ ਪਹਿਲਾਂ ਖੁਦ ਦੀ ਸੰਤੁਸ਼ਟੀ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਆਨਲਾਈਨ ਟੈਂਡਰ/ਨਿਲਾਮੀ ਦੇ ਨਿਯਮ ਤੇ ਸ਼ਰਤਾਂ : (1) ਨਿਲਾਮੀ ਵਿਕਰੀ 'ਆਨਲਾਈਨ ਈ-ਨਿਲਾਮੀ' ਬੋਡਿੰਗ ਰਾਹੀਂ ਵੈਬਸਾਈਟ https://www.bankeauctions.com Or Auction Tiger Mobile/APP ਰਾਹੀਂ ਉਪਰ ਟੇਬਲ ਵਿਚ ਦਰਸਾਈਆਂ ਮਿਤੀਆਂ ਨੂੰ ਅਣਮਿੱਥੇ 5 ਮਿੰਟ ਦੇ ਵਾਧੇ ਨਾਲ ਹੋਵੇਗੀ। (2) ਇਛੁਕ ਬੋਲੀਕਾਰ ਆਪਣੀ ਈਐਮਡੀ ਵੈਬ ਪੋਰਟਲ https://www.bankeauctions.com (ਯੂਜ਼ਰ ਆਈਡੀ ਅਤੇ ਪਾਸਵਰਡ https://www.bankeauctions.com ਨਾਲ ਆਪਣਾ ਨਾਂ ਵਰਤ ਕੇ ਰਜਿਸਟਰਡ ਹੋ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ) ਲਾਗਇਨ ਆਈਡੀ ਅਤੇ ਪਾਸਵਰਡ ਰਾਹੀਂ ਜਮ੍ਹਾਂ ਕਰਾਉਣਗੇ। [illegible]

ਸਥਾਨ : ਪੰਜਾਬ, ਮਿਤੀ : 03.11.2026 ਅਧਿਕਾਰਤ ਅਫ਼ਸਰ, ਐਚਡੀਬੀ ਫਾਈਨੈਂਸ਼ੀਅਲ ਸਰਵਿਸਿਜ਼ ਲਿਮਟਿਡ